ਨੰ:-ਆਰ.ਬੀ.ਐਸ.ਕੇ/17/ 12-17

ਮਿਤੀ- 17/01/2017

2657
19/01/17

ਵੱਲੋ,

ਸਿਵਲ ਸਰਜਨ,
ਅੰਮ੍ਰਿਤਸਰ।

ਵੱਲ,

ਜਿਲ੍ਹਾ ਸਿੱਖਿਆ ਅਫਸਰ (ਸ),
ਜਿਲ੍ਹਾ ਸਿੱਖਿਆ ਅਫਸਰ (ਏ),
ਜਿਲ੍ਹਾਂ ਪ੍ਰੋਗਰਾਮ ਅਫਸਰ (ICDS),
ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਕਾਰਜਕਾਰੀ ਇੰਨਜੀਨੀਅਰ,(CCDU),ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ,
ਮੁਖੀ ਸਮੂਹ ਪ੍ਰਾਈਵੇਟ ਸਕੂਲ,
ਅੰਮ੍ਰਿਤਸਰ।

19/1/17

ਵਿਸ਼ਾ:- ਨੈਸ਼ਨਲ ਡੀ-ਵਾਰਮਿੰਗ ਡੇ ਮਨਾਉਣ ਸਬੰਧੀ।

ਉਪਰੋਕਤ ਵਿਸ਼ੇ ਅਤੇ ਮਾਣਯੋਗ ਮਿਸ਼ਨ ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਜੀ ਦੇ ਹਵਾਲਾ ਪੱਤਰ ਨੰ:- RKSK/PB/2017/32-38 ਮਿਤੀ 12/01/2017 ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਪੰਜਾਬ ਵਿੱਚ ਨੈਸ਼ਨਲ ਡੀ-ਵਾਰਮਿੰਗ ਡੇ ਮਿਤੀ 15 ਫਰਵਰੀ ਅਤੇ ਮੋਪ-ਅੱਪ ਡੇ 20 ਫਰਵਰੀ 2017 ਨੂੰ ਵੱਖ-ਵੱਖ ਵਿਭਾਗਾਂ ਦੇ ਆਪਸੀ ਤਾਲਮੇਲ ਨਾਲ ਮਨਾਇਆ ਜਾਣਾ ਹੈ। ਨੈਸ਼ਨਲ ਡੀ-ਵਾਰਮਿੰਗ ਦਿਵਸ ਤੇ ਸਿੱਖਿਆ ਵਿਭਾਗ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਜਿਲ੍ਹਾ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਸਹਾਇਤਾ ਨਾਲ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਸਮੂਹ ਪ੍ਰਾਈਵੇਟ ਸਕੂਲਾਂ ਵਿੱਚ 1ਲੀ ਜਮਾਤ ਤੋ 12ਵੀਂ ਜਮਾਤ ਤੱਕ ਪੜਦੇ ਵਿਦਿਆਰਥੀਆਂ ਨੂੰ ਟੀਚਰਾਂ ਦੁਆਰਾ ਅਤੇ ਆਂਗਨਵਾੜੀ ਕੇਂਦਰਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਆਂਗਨਵਾੜੀ ਵਰਕਰਾਂ ਦੁਆਰਾ ਐਲਬੈਂਡਾਜੋਲ (Albendazole) ਦੀ ਗੋਲੀ ਖਵਾਈ ਜਾਵੇਗੀ। ਐਲਬੈਂਡਾਜੋਲ ਗੋਲੀਆਂ, ਬੈਨਰ, ਪੋਸਟਰ ਅਤੇ ਹੈਂਡ-ਆਊਟ ਦੀ ਲੋੜੀਦੀ ਮਾਤਰਾ ਜਨਵਰੀ ਮਹੀਨੇ ਦੇ ਅਖੀਰਲੇ ਹਫਤੇ ਤੱਕ ਜਿਲ੍ਹਾ ਪੱਧਰ ਤੇ ਪਹੁੰਚ ਜਾਵੇਗੀ। ਜਿਸ ਸਬੰਧੀ ਦੁਬਾਰਾ ਪੱਤਰ ਲਿਖ ਕੇ ਦੱਸ ਦਿੱਤਾ ਜਾਵੇਗਾ। ਉਪਰੋਕਤ ਵਿਸ਼ੇ ਸਬੰਧੀ ਆਪ ਅਧੀਨ ਸਟਾਫ ਨੂੰ ਜਾਣੂ ਕਰਵਾਇਆ ਜਾਵੇ ਅਤੇ ਹਿਦਾਇਤ ਕੀਤੀ ਜਾਵੇ ਕਿ ਸਕੂਲ ਨੋਡਲ ਟੀਚਰਾਂ ਅਤੇ ਆਂਗਨਵਾੜੀ ਵਰਕਰਾਂ ਦੁਆਰਾ 1 ਫਰਵਰੀ ਤੋ 20 ਫਰਵਰੀ ਤੱਕ ਸਵੇਰ ਦੀ ਸਭਾ ਵਿਚ ਸੰਤੁਲਿਤ ਭੋਜਨ ਲੈਣ ਬਾਰੇ ਅਤੇ ਪੇਟ ਦੇ ਕੀੜਿਆਂ ਕਰਕੇ ਹੋਣ ਵਾਲੇ ਨੁਕਸਾਨ ਅਤੇ ਬਚਾਅ ਬਾਰੇ ਦੱਸਿਆ ਜਾਵੇ। ਸ਼ਰੀਰ ਦੀ ਸਾਫ ਸਫਾਈ ਲਈ ਚੰਗੀਆ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਵੇ।ਇਸ ਨੈਸ਼ਨਲ ਪ੍ਰੋਗਰਾਮ ਨੂੰ ਸੁਚੱਜੇ ਤਰੀਕੇ ਨਾਲ ਨੇਪਰੇ ਚੜਾਉਣ ਲਈ ਆਪ ਜੀ ਵੱਲੋ ਪੂਰਨ ਸਹਿਯੋਗ ਲੋੜੀਂਦਾ ਹੈ।

ਦ/ਸ ਸਿਵਲ ਸਰਜਨ,
ਅੰਮ੍ਰਿਤਸਰ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ
ਪੱਤਰ ਨੰ: ਡੀ-4/2017-150 ਮਿਤੀ ਅੰਮ੍ਰਿਤਸਰ: 27/1/17
ਉਪਰੋਕਤ ਦਾ ਉਤਾਰਾ ਜਾਣਕਾਰੀ ਸਮੂਹ ਮੁਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

25/1/17
ਉਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਅੰਮ੍ਰਿਤਸਰ